Australian Bureau of Statistics Census **Media release**

**20 ਸਤੰਬਰ 2022 ਸਵੇਰੇ 11:30 ਵਜੇ AEST (ਆਸਟ੍ਰੇਲੀਅਨ ਈਸਟਰਨ ਸਟੈਂਡਰਡ ਟਾਈਮ ) ਤੱਕ ਪਾਬੰਦੀਸ਼ੁਦਾ ਹੈ**

# 2021 ਦੀ ਮਰਦਮਸ਼ੁਮਾਰੀ ਵਧਦੀ ਸੱਭਿਆਚਾਰਕ ਵਿਭਿੰਨਤਾ ਨੂੰ ਉਜਾਗਰ ਕਰਦੀ ਹੈ।

2021 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਦਾ ਨਵਾਂ ਵਿਸ਼ਲੇਸ਼ਣ, ਜੋ ਅੱਜ ਆਸਟ੍ਰੇਲੀਆਈ ਬਿਊਰੋ ਆਫ਼ ਸਟੈਟਿਸਟਿਕਸ (ਏ ਬੀ ਐਸ) ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ, ਦਰਸਾਉਂਦਾ ਹੈ ਕਿ ਆਸਟ੍ਰੇਲੀਆ ਵਿਚਲੇ ਵਿਦੇਸ਼ਾਂ ਵਿੱਚ ਜਨਮੇ ਅਤੇ ਦੂਜੀ ਪੀੜ੍ਹੀ ਦੇ ਪ੍ਰਵਾਸੀਆਂ ਦਾ ਅਨੁਪਾਤ ਦੂਜੇ ਵਿਸ਼ਵ ਯੁੱਧ ਦੇ ਅੰਤ ਤੋਂ ਬਾਅਦ ਲਗਾਤਾਰ ਵਧਿਆ ਹੈ, ਜਿਵੇਂ ਕਿ 1947 ਦੀ ਜਨਗਣਨਾ ਵਿੱਚ ਗਿਣਿਆ ਗਿਆ ਸੀ।

ਮਰਦਮਸ਼ੁਮਾਰੀ ਦੇ ਜਨਰਲ ਮੈਨੇਜਰ ਡੰਕਨ ਯੰਗ ਨੇ ਕਿਹਾ, "ਮਰਦਮਸ਼ੁਮਾਰੀ ਵਿੱਚ ਸੱਭਿਆਚਾਰਕ ਵਿਭਿੰਨਤਾ ਦੀ ਪ੍ਰਸ਼ਨਾਵਲੀ ਦਾ ਇਕ ਸਮੂਹ ਹੈ, ਜਿਵੇਂ ਕਿ ਵੰਸ਼, ਜਨਮ ਦਾ ਦੇਸ਼, ਅੰਗਰੇਜ਼ੀ ਵਿਚ ਮੁਹਾਰਤ, ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ, ਨਾਗਰਿਕਤਾ ਦੀ ਸਥਿਤੀ, ਆਮਦ ਦਾ ਸਾਲ ਅਤੇ ਧਾਰਮਿਕ ਮਾਨਤਾ, ਜੋ ਸਾਨੂੰ ਆਸਟ੍ਰੇਲੀਆ ਵਿੱਚ ਵਧਦੀ ਜਟਿਲਤਾ ਅਤੇ ਵਧ ਰਹੀ ਸੱਭਿਆਚਾਰਕ ਵਿਭਿੰਨਤਾ ਨੂੰ ਬਿਹਤਰ ਢੰਗ ਨਾਲ ਸਮਝਣ ਵਿਚ ਸਹਾਇਤਾ ਕਰਦੀ ਹੈ।

"ਜਨਗਣਨਾ ਵਿੱਚ ਵੰਸ਼ ਦੇ ਵੱਖ- ਵੱਖ ਸਵਾਲ ਨਸਲੀ ਅਤੇ ਸੱਭਿਆਚਾਰਕ ਪਿਛੋਕੜ ਦਾ ਇੱਕ ਸਵੈ-ਮੁਲਾਂਕਣ ਕੀਤਾ ਮਾਪ ਪ੍ਰਦਾਨ ਕਰਦੇ ਹਨ। ਜਦੋਂ ਇਹ ਵਿਅਕਤੀਆਂ ਅਤੇ ਉਹਨਾਂ ਦੇ ਮਾਤਾ-ਪਿਤਾ ਦੇ ਜਨਮ ਦੇ ਦੇਸ਼ ਦੇ ਨਾਲ ਵਰਤੇ ਜਾਂਦੇ ਹਨ, ਤਾਂ ਜਨਗਣਨਾ ਦੇ ਅੰਕੜੇ ਸਾਰੇ ਆਸਟ੍ਰੇਲੀਆਈ ਲੋਕਾਂ ਦੇ ਨਸਲੀ ਪਿਛੋਕੜ ਦਾ ਇੱਕ ਚੰਗਾ ਸੰਕੇਤ ਪ੍ਰਦਾਨ ਕਰਦੇ ਹਨ ।

1911 ਵਿੱਚ ਪਹਿਲੀ ਮਰਦਮਸ਼ੁਮਾਰੀ ਸਮੇਂ, ਵਿਦੇਸ਼ਾਂ ਵਿੱਚ ਪੈਦਾ ਹੋਏ ਆਸਟ੍ਰੇਲੀਆਈ ਲੋਕਾਂ ਦਾ ਅਨੁਪਾਤ 18 ਪ੍ਰਤੀਸ਼ਤ ਸੀ। 2021 ਵਿੱਚ, ਆਸਟ੍ਰੇਲੀਆ ਵਿੱਚ 70 ਲੱਖ ਤੋਂ ਵੱਧ ਲੋਕ ਵਿਦੇਸ਼ਾਂ ਵਿੱਚ ਪੈਦਾ ਹੋਏ ਹਨ, ਇਹ ਆਬਾਦੀ ਦਾ ਲਗਭਗ 30 ਪ੍ਰਤੀਸ਼ਤ ਹੈ। ਇਹ 2016 ਵਿੱਚ 61 ਲੱਖ ਜਾਂ 26 ਪ੍ਰਤੀਸ਼ਤ ਨਾਲੋਂ ਵੱਧ ਹੈ। 2016 ਦੀ ਮਰਦਮਸ਼ੁਮਾਰੀ ਤੋਂ ਬਾਅਦ 10 ਲੱਖ ਤੋਂ ਵੱਧ ਲੋਕ ਆਸਟ੍ਰੇਲੀਆ ਵਿੱਚ ਆਏ ਅਤੇ ਇਹਨਾਂ ਵਿੱਚੋਂ 230,000 ਭਾਰਤ, 137,000 ਚੀਨ ਅਤੇ 71,000 ਨੇਪਾਲ ਤੋਂ ਹਨ।

ਆਸਟ੍ਰੇਲੀਆ ਦੀ ਜ਼ਿਆਦਾਤਰ ਆਬਾਦੀ ਵਿਚ ਪ੍ਰਵਾਸੀਆਂ ਦੀ ਅਗਲੀ ਪੀੜ੍ਹੀ ਹੈ ਅਤੇ ਨਤੀਜੇ ਵਜੋਂ, ਸਭ ਤੋਂ ਆਮ ਵੰਸ਼ਜ ਸਮੇਂ ਦੇ ਨਾਲ ਆਬਾਦੀ ਦੇ ਜਨਮ ਲੈਣ ਵਾਲੇ ਸਭ ਤੋਂ ਆਮ ਦੇਸ਼ਾਂ ਨਾਲ ਮੇਲ ਖਾਂਦੇ ਹਨ। 2021 ਵਿੱਚ, ਆਸਟ੍ਰੇਲੀਆ ਦੇ ਚੋਟੀ ਦੇ ਪੰਜ ਵੰਸ਼ਜਾਂ ਨੇ ਬ੍ਰਿਟਿਸ਼ ਅਤੇ ਯੂਰਪੀਅਨ ਪਰਵਾਸ ਦੀਆਂ ਲਹਿਰਾਂ ਨੂੰ ਵੱਡੇ ਪੱਧਰ 'ਤੇ ਪ੍ਰਤੀਬਿੰਬਤ ਕੀਤਾ ਅਤੇ 2016 ਵਿੱਚ ਵੀ ਉਹੀ ਚੋਟੀ ਦੇ ਪੰਜ ਵੰਸ਼ਜ ਰਿਪੋਰਟ ਕੀਤੇ ਗਏ ਸਨ। 2021 ਵਿੱਚ ਜਨਮ ਦੇ ਪੰਜ ਸਭ ਤੋਂ ਆਮ ਵਿਦੇਸ਼ੀ ਦੇਸ਼ ਜੋ ਦੱਸੇ ਗਏ ਹਨ 2016 ਵਿੱਚ ਵੀ ਉਹੀ ਸਨ, ਹਾਲਾਂਕਿ ਭਾਰਤ ਚੌਥੇ ਸਥਾਨ ਸਭ ਤੋਂ ਵੱਡੇ ਤੋਂ ਦੂਜੇ ਸਭ ਤੋਂ ਵੱਡੇ ਸਥਾਨ ਨਾਲ ਅੱਗੇ ਆ ਗਿਆ ਹੈ। ਆਸਟ੍ਰੇਲੀਆ ਵਿਚ ਵਿਦੇਸ਼ੀ ਦੇਸ਼ਾਂ ਵਿਚ ਜਨਮ ਲੈਣ ਵਾਲਿਆਂ ਲੋਕਾਂ ਵਿਚੋਂ ਭਾਰਤ ਸਿਰਫ ਇੰਗਲੈਂਡ ਤੋਂ ਪਿੱਛੇ ਹੈ।

ਸਾਂਝੀ ਭਾਸ਼ਾ ਕਿਸੇ ਨਸਲ ਨੂੰ ਸਮਝਣ ਦਾ ਇੱਕ ਹਿੱਸਾ ਹੈ। 2021 ਵਿੱਚ, 56 ਲੱਖ ਜਾਂ 22 ਪ੍ਰਤੀਸ਼ਤ ਲੋਕਾਂ ਨੇ ਘਰ ਵਿੱਚ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਦੀ ਵਰਤੋਂ ਕਰਨ ਦੀ ਰਿਪੋਰਟ ਕੀਤੀ। ਜੋ ਕੀ 2016 ਵਿੱਚ 48 ਲੱਖ ਲੋਕਾਂ ਜਾਂ 20.6 ਪ੍ਰਤੀਸ਼ਤ ਤੋਂ ਵੱਧ ਸੀ। ਘਰ ਵਿੱਚ ਕਿਸੇ ਹੋਰ ਭਾਸ਼ਾ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ, ਮਰਦਮਸ਼ੁਮਾਰੀ ਵਿਚ ਪੁੱਛਿਆ ਕਿ ਉਹ ਕਿੰਨੀ ਚੰਗੀ ਤਰ੍ਹਾਂ ਅੰਗਰੇਜ਼ੀ ਬੋਲਦੇ ਹਨ। 2021 ਵਿੱਚ, 3.4 ਪ੍ਰਤੀਸ਼ਤ ਆਬਾਦੀ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਬੋਲਦੀ ਜਾਂ ਬਿਲਕੁਲ ਨਹੀਂ ਬੋਲਦੀ ਸੀ।

2021 ਦੀ ਮਰਦਮਸ਼ੁਮਾਰੀ ਤੋਂ ਪਹਿਲਾਂ - ਅੱਜ SBS (ਐਸ ਬੀ ਐਸ ) ਅਤੇ ABS (ਏ ਬੀ ਐਸ) ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਸੱਭਿਆਚਾਰਕ ਵਿਭਿੰਨਤਾ ਡੇਟਾ ਸੈਮੀਨਾਰ ਵਿਚ ਬੋਲਦੇ ਹੋਏ, ਮੈਂਡੀ ਵਿਕਸ, SBS (ਐਸ ਬੀ ਐਸ ) ਡਾਇਰੈਕਟਰ ਆਫ਼ ਨਿਊਜ਼ ਅਤੇ ਕਰੰਟ ਅਫੇਅਰਜ਼ ਨੇ ਕਿਹਾ, “1975 ਵਿੱਚ SBS (ਐਸ ਬੀ ਐਸ ) ਦੀ ਸ਼ੁਰੂਆਤ ਤੋਂ ਲੈ ਕੇ, ਭਾਸ਼ਾਵਾਂ ਸਾਡੇ ਹਰ ਕੰਮ ਦੇ ਕੇਂਦਰ ਵਿੱਚ ਰਹੀਆਂ ਹਨ। ਪਿਛਲੇ 45 ਸਾਲਾਂ ਦੌਰਾਨ, ਆਸਟ੍ਰੇਲੀਆ ਦੀ ਜਨਸੰਖਿਆ ਬਹੁਤ ਜ਼ਿਆਦਾ ਬਦਲ ਗਈ ਹੈ, ਅਤੇ ਅੱਜ SBS (ਐਸ ਬੀ ਐਸ ) 63 ਭਾਸ਼ਾਵਾਂ ਵਿੱਚ ਸਮੱਗਰੀ ਪ੍ਰਦਾਨ ਕਰਦਾ ਹੈ। ਜਨਗਣਨਾ ਦੇ ਅੰਕੜੇ ਇਹ ਦੱਸਣ ਦੀ ਕੁੰਜੀ ਹੈ ਕਿ ਅਸੀਂ ਭਾਸ਼ਾ ਦੇ

ਭਾਈਚਾਰਿਆਂ ਦੇ ਆਕਾਰ, ਉਹਨਾਂ ਦੇ ਹਾਲ ਹੀ ਵਿਚ ਇੱਥੇ ਆਉਣ ਅਤੇ ਉਹਨਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਕਿਹੜੀਆਂ ਭਾਸ਼ਾਵਾਂ ਦੀ ਸੇਵਾ ਕਰਦੇ ਹਾਂ।"

*2021 ਦੀ ਜਨਗਣਨਾ ਬਾਰੇ ਵਿਸ਼ਲੇਸ਼ਣ - ਆਸਟ੍ਰੇਲੀਆ ਵਿੱਚ ਸੱਭਿਆਚਾਰਕ ਵਿਭਿੰਨਤਾ (2021 Census - Cultural diversity in Australia) ਪੜ੍ਹੋ ਜਾਂ ਐਸ ਬੀ ਐਸ ਜਨਗਣਨਾ ਐਕਸਪਲੋਰਰ(SBS Census Explorer) 'ਤੇ ਜਨਗਣਨਾ ਡੇਟਾ ਦੀ ਪੜਚੋਲ ਕਰੋ। ਵਿਸ਼ਲੇਸ਼ਣ ਵਿੱਚ ਆਸਟ੍ਰੇਲੀਆ ਵਿੱਚ ਭਾਰਤੀ ਅਤੇ ਨੇਪਾਲੀ ਭਾਈਚਾਰਿਆਂ ਦੇ ਕੇਸ ਅਧਿਐਨ ਸ਼ਾਮਲ ਕੀਤੇ ਗਏ ਹਨ।*

## ਮੀਡੀਆ ਨੋਟਸ

- ਮੀਡੀਆ ਬੇਨਤੀਆਂ ਅਤੇ ਇੰਟਰਵਿਊਆਂ ਲਈ, **media@abs.gov.au** 'ਤੇ ਜਾਂ **1300 175 070** 'ਤੇ ABS ਮੀਡੀਆ ਟੀਮ ਨਾਲ ਸੰਪਰਕ ਕਰੋ ।
- ਸਾਡੀ ਈਮੇਲ ਸੂਚਨਾ ਸੇਵਾ ਨਾਲ ਜੁੜੋ ਅਤੇ ਰਿਲੀਜ਼ ਹੋਣ 'ਤੇ ਮੀਡੀਆ ਰੀਲੀਜ਼ ਜਾਂ ਉਤਪਾਦ ਪ੍ਰਾਪਤ ਕਰੋ।
- 2021 ਦੀ ਜਨਗਣਨਾ ਬਾਰੇ ਹੋਰ ਜਾਣਕਾਰੀ Census media backgrounders ਉੱਤੇ ਉਪਲਬਧ ਹੈ।
- QuickStats tool ਸਾਧਨ ਰਾਹੀਂ 2021 ਦੀ ਜਨਗਣਨਾ ਡੇਟਾ ਦੀ ਖੋਜ ਕਰੋ।
- • 'ਜਾਤੀ' ਅਤੇ 'ਨਸਲ' ਸ਼ਬਦ ਨੂੰ ਵੱਖ-ਵੱਖ ਅਰਥਾਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਅੰਤਰਰਾਸ਼ਟਰੀ ਤੌਰ 'ਤੇ ਸਹਿਮਤੀ ਵਾਲੀ ਪਰਿਭਾਸ਼ਾ ਨਹੀਂ ਹੈ। ABS ਨੇ ਆਸਟ੍ਰੇਲੀਆ ਵਿੱਚ ਜਾਤੀ ਨੂੰ ਸਮਝਣ ਲਈ ਇੱਕ ਬਹੁ-ਪਸਾਰੀ ਪਹੁੰਚ ਅਪਣਾਈ ਹੈ।
- ਸੱਭਿਆਚਾਰਕ ਅਤੇ ਨਸਲੀ ਵਿਭਿੰਨਤਾ ਨੂੰ ਮਾਪਣ ਬਾਰੇ ਵਧੇਰੇ ਜਾਣਕਾਰੀ ਲਈ Standards for Statistics on Cultural and Language Diversity ਅਤੇ Australian Standard Classification of Cultural and Ethnic Groups (ASCCEG). ਦੇਖੋ।